# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 22-12-2024**

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅੱਜ ਕੁਵੈਤ ਦੇ ਅਮੀਰ, Sheikh Meshal Al-Ahmad Al-Jaber ਅਤੇ ਵਲੀ ਅਹਦ  Sheikh Ahmad Al-Abdullah Al-Sabah ਨਾਲ ਵੱਖ-ਵੱਖ ਮੀਟਿੰਗਾਂ ਕਰਨਗੇ। ਪ੍ਰਧਾਨ ਮੰਤਰੀ ਆਪਣੇ ਕੁਵੈਤੀ ਹਮਰੁਤਬਾ ਨਾਲ ਵਫ਼ਦ ਪੱਧਰੀ ਗੱਲਬਾਤ ਵੀ ਕਰਨਗੇ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਮੋਦੀ ਨੂੰ ਕੁਵੈਤ ਦੇ Bayan Palace ਵਿਖੇ ਰਸਮੀ guard of honour ਦਿੱਤਾ ਜਾਵੇਗਾ। ਸ੍ਰੀ ਮੋਦੀ, ਪੱਛਮੀ ਏਸ਼ੀਆਈ ਦੇਸ਼ ਦੇ ਦੋ ਦਿਨਾਂ ਦੌਰੇ 'ਤੇ ਕੱਲ੍ਹ ਕੁਵੈਤ ਪੁੱਜੇ ਨੇ । 43 ਸਾਲਾਂ ਵਿੱਚ ਕਿਸੇ ਭਾਰਤੀ ਪ੍ਰਧਾਨ ਮੰਤਰੀ ਦੀ ਕੁਵੈਤ ਦੀ ਇਹ ਪਹਿਲੀ ਯਾਤਰਾ ਏ। ਆਪਣੀ ਦੌਰੇ ਦੇ ਪਹਿਲੇ ਦਿਨ, ਪ੍ਰਧਾਨ ਮੰਤਰੀ ਨੇ ਕੁਵੈਤ ਸਿਟੀ ਵਿੱਚ ਇੱਕ ਵਿਸ਼ੇਸ਼ ਸਮਾਰੋਹ ਵਿੱਚ ਪ੍ਰਵਾਸੀ ਭਾਰਤੀਆਂ ਦੇ ਇੱਕ ਵਿਸ਼ਾਲ ਇਕੱਠ ਨੂੰ ਸੰਬੋਧਨ ਕੀਤਾ। ਉਨ੍ਹਾਂ ਨੇ ਪ੍ਰਵਾਸੀ ਭਾਰਤੀ ਦਿਵਸ

ਅਤੇ ਅਗਲੇ ਮਹੀਨੇ ਹੋਣ ਵਾਲੇ ਮਹਾਂ ਕੁੰਭ ਮੇਲੇ ਵਿੱਚ ਹਿੱਸਾ ਲੈਣ ਲਈ, ਪ੍ਰਵਾਸੀ ਭਾਰਤੀਆਂ ਨੂੰ ਸੱਦਾ ਦਿੱਤਾ।

---------------------------------------------------------------

ਪੰਜਾਬ 'ਚ ਬੀਤੇ ਦਿਨ ਹੋਈਆਂ ਸਥਾਨਕ ਚੋਣਾਂ 'ਚ, ਸੱਤਾਧਾਰੀ ਆਮ ਆਦਮੀ ਪਾਰਟੀ ਨੇ ਪਟਿਆਲਾ ਨਗਰ ਨਿਗਮ ਚੋਣਾਂ 'ਚ ਜਿੱਤ ਹਾਸਲ ਕੀਤੀ ਏ। ਜਦਕਿ ਜਲੰਧਰ, ਅੰਮ੍ਰਿਤਸਰ, ਲੁਧਿਆਣਾ ਅਤੇ ਫਗਵਾੜਾ ਵਿਚ ਕਿਸੇ ਪਾਰਟੀ ਨੂੰ ਸਪੱਸ਼ਟ ਬਹੁਮਤ ਨਹੀਂ ਮਿਲਿਆ। ਕਾਂਗਰਸ ਤੇ ਭਾਜਪਾ ਨੇ ਸ਼੍ਰੋਮਣੀ ਅਕਾਲੀ ਦਲ ਤੇ ਬਹੁਜਨ ਸਮਾਜ ਪਾਰਟੀ ਨਾਲੋਂ ਬਿਹਤਰ ਪ੍ਰਦਰਸ਼ਨ ਕੀਤਾ ਏ।ਸੂਤਰਾਂ ਮੁਤਾਬਕ ਕੱਲ੍ਹ ਹੋਈਆਂ ਨਗਰ ਨਿਗਮ, ਨਗਰ ਕੌਂਸਲ ਤੇ ਨਗਰ ਪੰਚਾਇਤ ਦੀਆਂ ਚੋਣਾਂ ਵਿਚ 65.85 ਫੀਸਦੀ ਮਤਦਾਨ ਦਰਜ ਕੀਤਾ ਗਿਆ ਏ।

---------------------------------------------------------------

ਸਰਬੰਸਦਾਨੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜਾਦਿਆਂ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ ਤੇ ਤਿੰਨ ਪਿਆਰੇ ਭਾਈ ਸਾਹਿਬ ਸਿੰਘ, ਭਾਈ ਮੋਹਕਮ ਸਿੰਘ, ਭਾਈ ਹਿਮੰਤ ਸਿੰਘ

ਸਮੇਤ 40 ਸਿੰਘਾਂ ਦੀ ਸ਼ਹਾਦਤ ਨੂੰ ਸਮਰਪਿਤ ਤਿੰਨ ਰੋਜ਼ਾ ਸਹੀਦੀ ਜੋੜ ਮੇਲਾ ਚਮਕੌਰ ਸਾਹਿਬ ਵਿਚ ਅੱਜ ਸਮਾਪਤ ਹੋ ਗਿਆ ਏ | ਸ਼ਹੀਦੀ ਜੋੜ ਮੇਲੇ ਦੀ ਸਮਾਪਤੀ ਮੌਕੇ ਗੁਰਦੁਆਰਾ ਸ੍ਰੀ ਗੜ੍ਹੀ ਸਾਹਿਬ ਤੋਂ ਨਗਰ ਕੀਰਤਨ ਸਜਾਇਆ ਗਿਆ | ਇਸ ਦੌਰਾਨ ਸੰਗਤ ਨੇ ਚਮਕੌਰ ਸਾਹਿਬ ਵਿਖੇ ਸਥਿਤ ਵਖ-ਵਖ ਇਤਿਹਾਸਕ ਗੁਰਦੁਆਰਿਆਂ ਵਿਚ ਮਥਾ ਟੇਕਿਆ।

---------------------------------------------------------------

ਪੰਜਾਬ ਵਿਚ ਬੀਤੀ ਸ਼ਾਮ ਮੋਹਾਲੀ ਦੇ ਪਿੰਡ ਸੋਹਾਣਾ ਵਿਚ ਤਿੰਨ ਮੰਜ਼ਿਲਾ ਇਮਾਰਤ ਡਿੱਗਣ ਕਾਰਨ 2 ਵਿਅਕਤੀਆਂ ਦੀ ਮੌਤ ਹੋਈ ਏ। ਮਰਨ ਵਾਲਿਆਂ ਵਿੱਚ ਹਿਮਾਚਲ ਪ੍ਰਦੇਸ਼ ਦੇ ਥੀਓਗ ਨਾਲ ਸਬੰਧਤ ਇਕ ਕੁੜੀ ਅਤੇ ਅੰਬਾਲਾ ਨਾਲ ਸਬੰਧਤ ਨੌਜਵਾਨ ਸ਼ਾਮਲ ਏ। ਮੋਹਾਲੀ ਦੇ ਕਾਰਜਕਾਰੀ ਡਿਪਟੀ ਕਮਿਸ਼ਨਰ ਵਿਰਾਜ ਐਸ ਤਿੜਕੇ ਦੇ ਹਵਾਲੇ ਨਾਲ ਸਾਡੇ ਜਲੰਧਰ ਵਾਲੇ ਪੱਤਰਕਾਰ ਨੇ ਦੱਸਿਆ ਏ ਕਿ ਬੀਤੀ ਸ਼ਾਮ ਤੋਂ ਬਚਾਅ ਕਾਰਜ ਜਾਰੀ ਨੇ ਕਿਉਂਕਿ ਫੌਜ, ਐਨਡੀਆਰਐਫ ਤੇ ਪੰਜਾਬ ਪੁਲਿਸ ਦੀਆਂ ਟੀਮਾਂ ਢਹਿ-ਢੇਰੀ ਹੋਈ ਇਮਾਰਤ ਦੇ ਮਲਬੇ ਵਿੱਚੋਂ ਲੋਕਾਂ

ਦੀ ਭਾਲ ਕਰ ਰਹੀਆਂ ਨੇ। **ਬਾਈਟ** ਮੈਡੀਕਲ ਟੀਮਾਂ ਪਹਿਲਾਂ ਹੀ ਮੌਕੇ 'ਤੇ ਮੌਜੂਦ ਨੇ ਅਤੇ ਆਲੇ-ਦੁਆਲੇ ਦੇ ਸਾਰੇ ਹਸਪਤਾਲਾਂ ਨੂੰ ਐਮਰਜੈਂਸੀ 'ਤੇ ਰੱਖਿਆ ਗਿਆ ਏ। ਫੌਜ ਦੇ ਸੂਤਰਾਂ ਮੁਤਾਬਕ 15 ਤੋਂ ਘਟ ਵਿਅਕਤੀਆਂ ਦੇ ਦੱਬੇ ਹੋਣ ਦੀ ਸੰਭਾਵਨਾ ਏ।

---------------------------------------------------------------

ਨਸ਼ੀਲੇ ਪਦਾਰਥਾਂ ਦੇ ਕਾਲੇ ਧੰਦੇ ਨੂੰ ਠੱਲ੍ਹ ਪਾਉਣ ਲਈ ਜਲੰਧਰ ਦਿਹਾਤੀ ਪੁਲਿਸ ਨੇ ਨਸ਼ਾ ਤਸਕਰਾਂ ਖਿਲਾਫ ਵੱਡੀ ਕਰਵਾਈ ਕਰਦੇ ਹੋਏ ਚਾਰ ਐਨ.ਡੀ.ਪੀ.ਐਸ. ਕੇਸਾਂ ਵਿੱਚ ਸ਼ਾਮਲ ਅਪਰਾਧੀਆਂ ਦੀਆਂ ਸਾਢੇ 84 ਲਖ ਰੁਪਏ ਤੋਂ ਵਧ ਦੀਆਂ ਜਾਇਦਾਦਾਂ ਨੂੰ ਜ਼ਬਤ ਕੀਤਾ ਏ। ਸਮਰੱਥ ਸਰਕਾਰੀ ਅਥਾਰਟੀ, ਨਵੀਂ ਦਿੱਲੀ ਨੇ ਪੁਲਿਸ ਵਲੋਂ ਪੇਸ਼ ਕੀਤੇ ਪ੍ਰਸਤਾਵਾਂ ਦੇ ਬਾਅਦ ਪਿਛਲੇ ਚਾਰ ਮਹੀਨਿਆਂ ਵਿਚ ਇਹਨਾਂ ਜਾਇਦਾਦਾਂ ਨੂੰ ਜ਼ਬਤ ਕਰਨ ਦੀ ਪੁਸ਼ਟੀ ਕੀਤੀ ਏ। ਇਸ ਗਲ ਦਾ ਖੁਲਾਸਾ ਕਰਦਿਆਂ ਦਿਹਾਤੀ ਪੁਲਿਸ ਜਲੰਧਰ ਦੇ ਮੁਖੀ ਹਰਕਮਲਪ੍ਰੀਤ ਸਿੰਘ ਖਖ ਨੇ ਦਸਿਆ ਏ ਕਿ ਜਬਤ ਕੀਤੀਆਂ ਜਾਇਦਾਦਾਂ ਹੁਣ ਭਾਰਤ ਸਰਕਾਰ ਦੇ ਨਾਮ 'ਤੇ ਹਨ। ਇਨਾਂ ਜਾਇਦਾਦਾਂ ਬਾਰੇ ਜਾਣਕਾਰੀ

ਦਿੰਦਿਆਂ ਐਸ.ਐਸ.ਪੀ. ਖੱਖ ਨੇ ਦੱਸਿਆ ਕਿ ਹਰੀਸ਼ ਕੁਮਾਰ ਮੋਨੂੰ ਵਾਸੀ ਕਪੂਰਥਲਾ ਦੀ ਇਕ ਕਾਰ, ਮਹਿਤਪੁਰ ਦੇ ਰਹਿਣ ਵਾਲੇ ਪ੍ਰੇਮ ਸਿੰਘ ਤੇ ਮਕਸੂਦਾਂ ਦੇ ਵਸਨੀਕ ਸੋਨੂੰ ਕੁਮਾਰ ਦੀਆ ਜ਼ਮੀਨਾਂ ਜਬਤ ਕੀਤੀਆਂ ਗਈਆਂ ਨੇ।

------------------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਇਸ ਮਹੀਨੇ ਦੀ 29 ਤਰੀਕ ਨੂੰ, ਸਵੇਰੇ 11 ਵਜੇ, ਆਕਾਸ਼ਵਾਣੀ 'ਤੇ ਪ੍ਰੋਗਰਾਮ 'ਮਨ ਕੀ ਬਾਤ' ਵਿਚ, ਦੇਸ਼-ਵਿਦੇਸ਼ ਦੇ ਲੋਕਾਂ ਨਾਲ ਆਪਣੇ ਵਿਚਾਰ ਸਾਂਝੇ ਕਰਨਗੇ । ਇਹ ਪ੍ਰੋਗਰਾਮ ਦੀ 117ਵੀਂ ਕੜੀ ਹੋਵੇਗੀ । ਸਰੋਤੇ ਪ੍ਰੋਗਰਾਮ ਲਈ ਆਪਣੇ ਸੁਝਾਅ, ਟੋਲ ਫਰੀ ਨੰਬਰ 1800-11-7800 'ਤੇ ਭੇਜ ਸਕਦੇ ਨੇ । ਸਰੋਤੇ MyGov ਓਪਨ ਫੋਰਮ ਰਾਹੀਂ ਆਪਣੇ ਸੁਝਾਅ ਆਨਲਾਈਨ ਵੀ ਸਾਂਝੇ ਕਰ ਸਕਦੇ ਨੇ । ਇਸ ਪ੍ਰੋਗਰਾਮ ਲਈ ਸੁਝਾਅ, ਇਸ ਮਹੀਨੇ ਦੀ 27 ਤਰੀਕ ਤੱਕ ਭੇਜੇ ਜਾ ਸਕਦੇ ਨੇ ।